
GOVERNMENT OF WESTERN AUSTRALIA

Punjabi | ਪੰਜਾਬੀ

**Roll up for WA**
COVID-19 Vaccination

# ਵੈਕਸੀਨਾਂ ਬਾਰੇ ਤੱਥਾਂ ਨੂੰ ਜਾਣੋ




**ਨਵੀਆਂ ਚੀਜ਼ਾਂ ਬਾਰੇ ਪ੍ਰਸ਼ਨ ਹੋਣੇ ਆਮ ਗੱਲ ਹੈ। ਪਤਾ ਕਰੋ ਕਿ COVID-19 ਟੀਕਿਆਂ ਬਾਰੇ ਕੀ ਸੱਚ ਹੈ ਅਤੇ ਕੀ ਨਹੀਂ। ਇਕੱਠੇ ਮਿਲ ਕੇ, ਸਾਨੂੰ ਵੈਕਸੀਨ ਟੀਕਿਆਂ ਪ੍ਰਤੀ ਵਿਸ਼ਵਾਸ ਪੈਦਾ ਕਰਨ ਦੀ ਜ਼ਰੂਰਤ ਹੈ ਕਿਉਂਕਿ ਹਰ ਟੀਕਾਕਰਨ ਕਰਵਾ ਚੁੱਕਾ ਵਿਅਕਤੀ ਮਹਾਂਮਾਰੀ ਨੂੰ ਪਾਰ ਕਰਨ ਵਿੱਚ ਸਾਡੀ ਸਹਾਇਤਾ ਕਰਦਾ ਹੈ।**

## ਸੱਚ

### ਇਹ ਟੀਕੇ ਸੁਰੱਖਿਅਤ ਹਨ

COVID-19 ਵੈਕਸੀਨ ਟੀਕੇ ਬਣਾਉਣ ਲਈ ਦੁਨੀਆਂ ਭਰ ਵਿੱਚ ਬਹੁਤ ਸਾਰੇ ਲੋਕਾਂ ਨੇ ਮਿਲ ਕੇ ਕੰਮ ਕੀਤਾ ਹੈ, ਇਸ ਨੂੰ ਕੇਵਲ ਕੁਝ ਮਹੀਨਿਆਂ ਵਿੱਚ, ਬਿਨਾਂ ਕੋਈ ਪੜਾਅ ਛੱਡੇ ਪੂਰਾ ਕਰਨ ਲਈ ਪੈਸੇ ਅਤੇ ਵਿਗਿਆਨੀਆਂ ਨੂੰ ਸਾਂਝੇ ਕੀਤਾ ਹੈ। ਵੈਕਸੀਨ ਟੀਕਿਆਂ ਨੂੰ, ਕੇਵਲ ਟੈਸਟ ਕਰਨ ਤੋਂ ਬਾਅਦ ਹੀ ਅਤੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਪਾਏ ਜਾਣ ਤੋਂ ਬਾਅਦ ਹੀ ਆਸਟ੍ਰੇਲੀਆ ਵਿੱਚ ਵਰਤਣ ਲਈ ਆਗਿਆ ਦਿੱਤੀ ਜਾਂਦੀ ਹੈ। ਸੁਰੱਖਿਆ ਦੇ ਲਈ ਸਾਰੇ ਟੀਕਿਆਂ ਦੀ ਗੁਣਵੱਤਾ ਲਈ ਜਾਂਚ ਅਤੇ ਨਿਗਰਾਨੀ ਕੀਤੀ ਜਾਣੀ ਜਾਰੀ ਰਹੇਗੀ।

### COVID-19 ਟੀਕਿਆਂ ਵਿੱਚ ਜੀਉਂਦਾ ਵਾਇਰਸ ਨਹੀਂ ਹੁੰਦਾ ਹੈ ਅਤੇ ਇਹ ਤੁਹਾਨੂੰ COVID-19 ਨਾਲ ਬਿਮਾਰ ਨਹੀਂ ਕਰ ਸਕਦੇ ਹਨ।

ਟੀਕੇ ਅਸਲ ਵਾਇਰਸ ਹੋਣ ਦਾ ਦਿਖਾਵਾ ਕਰਦੇ ਹਨ, ਅਤੇ ਤੁਹਾਡੇ ਸਰੀਰ ਨੂੰ ਸਿਖਾਉਂਦੇ ਹਨ ਕਿ ਆਪਣੀ ਰੱਖਿਆ ਕਿਵੇਂ ਕਰਨੀ ਹੈ। ਇਹ ਤੁਹਾਨੂੰ ਬਹੁਤ ਜ਼ਿਆਦਾ ਬਿਮਾਰ ਹੋਣ ਅਤੇ ਹਸਪਤਾਲ ਜਾਣ ਜਾਂ ਮਰਨ ਤੋਂ ਰੋਕਣ ਵਿੱਚ ਸਹਾਇਤਾ ਕਰਨਗੇ।

### ਕੋਈ ਵੀ ਮਾਈਕ੍ਰੋਚਿਪ ਟੀਕੇ ਦੀ ਸੂਈ ਦੁਆਰਾ ਨਹੀਂ ਲੱਗ ਸਕਦੀ ਹੈ

ਇਹ ਦੰਦ-ਕਥਾ/ਮਿਥ ਸੋਸ਼ਲ ਮੀਡੀਆ 'ਤੇ ਫ਼ੈਲੀ ਜਾਅਲੀ ਵੀਡੀਓ 'ਤੇ ਅਧਾਰਿਤ ਹੈ।

## ਦੰਦ-ਕਥਾ / ਮਿਥ

- COVID-19 ਟੀਕੇ ਸੁਰੱਖਿਅਤ ਰਹਿਣ ਲਈ ਬਹੁਤ ਜਲਦੀ ਮਨਜ਼ੂਰ ਕੀਤੇ ਗਏ ਸਨ।
- COVID-19 ਦੇ ਟੀਕੇ ਤੁਹਾਨੂੰ COVID-19 ਨਾਲ ਬਿਮਾਰ ਕਰ ਸਕਦੇ ਹਨ।
- COVID-19 ਦੇ ਟੀਕਿਆਂ ਵਿੱਚ ਮੈਨੂੰ ਟਰੈਕ ਕਰਨ ਲਈ ਮਾਈਕ੍ਰੋਚਿੱਪ ਹੁੰਦੀ ਹੈ।

# ਵੈਕਸੀਨਾਂ ਬਾਰੇ ਤੱਥਾਂ ਨੂੰ ਜਾਣੋ

## ਸੱਚ

**WA ਵਿੱਚ ਰਹਿੰਦੇ ਹਰੇਕ ਵਿਅਕਤੀ ਲਈ ਟੀਕੇ ਮੁਫ਼ਤ ਹਨ**
ਇਸ ਵਿੱਚ ਅਸਥਾਈ ਨਿਵਾਸੀ, ਸ਼ਰਨਾਰਥੀ, ਪ੍ਰਵਾਸੀ ਅਤੇ ਬਿਨਾਂ ਕਿਸੇ ਵੀਜ਼ੇ ਦੇ ਰਹਿੰਦੇ ਲੋਕ ਸ਼ਾਮਲ ਹਨ।

**ਅਸੀਂ ਵੈਕਸੀਨਾਂ ਵਿੱਚ ਮੌਜੂਦ ਹਰੇਕ ਤੱਤ ਨੂੰ ਜਾਣਦੇ ਹਾਂ**
ਜ਼ਿਆਦਾਤਰ ਸਮੇਂ ਟੀਕਿਆਂ ਵਿੱਚ ਲੂਣ, ਖੰਡ ਅਤੇ ਚਰਬੀ ਦੇ ਨਾਲ ਪਾਣੀ ਹੀ ਹੁੰਦੇ ਹਨ। ਟੀਕਿਆਂ ਵਿੱਚ ਗ੍ਰਾਫਿਨ ਆਕਸਾਈਡ, ਗਲੂਟਨ, ਅੰਡੇ, ਕਣਕ, ਮਧੂ-ਮੱਖੀ ਦਾ ਜ਼ਹਿਰ, ਲੈਟੇਕਸ ਜਾਂ ਪਸ਼ੂ ਉਤਪਾਦ ਨਹੀਂ ਹਨ। ਆਸਟ੍ਰੇਲੀਅਨ ਫ਼ਤਵਾ ਕੌਂਸਲ ਨੇ ਵੈਕਸੀਨਾਂ ਨੂੰ ਹਲਾਲ ਕਰਾਰ ਦਿੱਤਾ ਹੈ।

**ਤੁਸੀਂ COVID-19 ਟੀਕਾ ਲਗਵਾ ਸਕਦੇ ਹੋ ਭਾਵੇਂ ਤੁਹਾਡੇ ਕੋਲ ਮੈਡੀਕੇਅਰ ਨਾ ਵੀ ਹੋਵੇ**
ਤੁਹਾਨੂੰ ਆਪਣੀ ਅਪੋਇੰਟਮੈਂਟ ਵੇਲੇ ਆਪਣੀ ਪਛਾਣ ਸਾਬਤ ਕਰਨ ਦੀ ਜ਼ਰੂਰਤ ਹੋਵੇਗੀ, ਇਸ ਲਈ ਕਿਰਪਾ ਕਰਕੇ ਆਪਣੇ ਨਾਮ ਵਾਲਾ ਕੋਈ ਦਸਤਾਵੇਜ਼ ਲਿਆਓ ਜਿਵੇਂ ਡਰਾਈਵਰ ਲਾਇਸੈਂਸ, ਪੱਤਰ ਜਾਂ ਬਿੱਲ।

**COVID-19 ਦਾ ਟੀਕਾ ਲਗਵਾਉਣਾ ਤੁਹਾਨੂੰ ਤੁਹਾਡੇ ਸਰੀਰ 'ਤੇ ਕਿਤੇ ਵੀ ਚੁੰਬਕੀ ਨਹੀਂ ਬਣਾਉਂਦਾ ਹੈ।**
COVID-19 ਦੇ ਟੀਕੇ ਵਿੱਚ ਕੋਈ ਚੁੰਬਕੀ ਤੱਤ ਨਹੀਂ ਹੁੰਦੇ, ਜੋ ਅਜਿਹਾ ਕਰ ਸਕਦੇ ਹਨ। ਚੁੰਬਕ ਨੂੰ ਆਕਰਸ਼ਤ ਕਰਨ ਲਈ ਤੁਹਾਨੂੰ ਬਹੁਤ ਸਾਰੀ ਧਾਤ ਦੀ ਜ਼ਰੂਰਤ ਹੋਵੇਗੀ। ਉਦਾਹਰਣ ਦੇ ਲਈ, ਲੋਕ ਮਲਟੀ ਵਿਟਾਮਿਨ ਲੈਂਦੇ ਹਨ ਜਿਨ੍ਹਾਂ ਵਿੱਚ ਅਕਸਰ ਆਇਰਨ ਹੁੰਦਾ ਹੈ। ਇਹ ਉਨ੍ਹਾਂ ਨੂੰ ਚੁੰਬਕੀ ਨਹੀਂ ਬਣਾਉਂਦਾ ਕਿਉਂਕਿ ਉਹ ਬਹੁਤ ਪਤਲੇ (ਘੱਟ ਮਾਤਰਾ ਵਿੱਚ) ਹੁੰਦੇ ਹਨ ਅਤੇ ਤੁਹਾਡੇ ਸਰੀਰ ਵਿੱਚ ਫ਼ੈਲ ਜਾਂਦੇ ਹਨ।

**COVID-19 ਟੀਕੇ ਜਣਨ ਸ਼ਕਤੀ ਨੂੰ ਪ੍ਰਭਾਵਤ ਨਹੀਂ ਕਰਦੇ ਹਨ**
ਟੀਕੇ ਹੁਣ ਜਾਂ ਭਵਿੱਖ ਵਿੱਚ ਬੱਚਾ ਪੈਦਾ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਨਹੀਂ ਕਰਦੇ ਹਨ। ਇਹ ਵੀ ਪੁਰਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਗਰਭਵਤੀ ਔਰਤਾਂ ਆਪਣੀ ਅਤੇ ਆਪਣੇ ਬੱਚੇ ਦੀ ਸੁਰੱਖਿਆ ਲਈ COVID-19 ਦਾ ਟੀਕਾ ਲਗਵਾਵੇ।

## ਦੰਦ-ਕਥਾ / ਮਿਥ

- COVID-19 ਦਾ ਟੀਕਾ ਲਗਵਾਉਣ ਲਈ ਪੈਸੇ ਖ਼ਰਚ ਹੁੰਦੇ ਹਨ।
- ਸਾਨੂੰ ਨਹੀਂ ਪਤਾ ਕਿ ਇਨ੍ਹਾਂ ਟੀਕਿਆਂ ਵਿੱਚ ਕੀ ਹੈ।
- COVID-19 ਦਾ ਟੀਕਾ ਲਗਵਾਉਣ ਲਈ ਤੁਹਾਡੇ ਕੋਲ ਚਲੰਤ ਮੈਡੀਕੇਅਰ ਕਾਰਡ ਹੋਣਾ ਚਾਹੀਦਾ ਹੈ।
- COVID-19 ਟੀਕੇ ਤੁਹਾਡੀ ਬਾਂਹ ਨੂੰ ਚੁੰਬਕ ਦੀ ਸੋਟੀ ਬਣਾ ਸਕਦੇ ਹਨ।
- COVID-19 ਟੀਕੇ ਜਣਨ ਸ਼ਕਤੀ ਨੂੰ ਪ੍ਰਭਾਵਤ ਕਰਦੇ ਹਨ।

**ਰਜਿਸਟਰ ਕਰੋ ਅਤੇ ਆਪਣਾ COVID-19 ਟੀਕਾਕਰਣ ਬੁੱਕ ਕਰੋ**

rollupforwa.com.au

13COVID
(13 26843)
ਦੁਭਾਸ਼ੀਏ ਲਈ * ਦਬਾਓ